੦੯੭

ਸਤ ਸੰਗਤ (ਬੈਕੁੰਠ)

(ਲੇਖਕ: ਸੋਹਣ ਸਿੰਘ ਸੀਤਲ)

ਸਾਰਾ ਉਪਰਾਲਾ ਇਸ ਗੱਲ ਵਾਸਤੇ ਕੀਤਾ ਜਾਂਦਾ ਹੈ ਕਿ ਇਨਸਾਨ ਔਗੁਣਾਂ ਤੋਂ ਛੁਟਕਾਰਾ ਪਾ ਕੇ ਗੁਣ ਗ੍ਰਹਿਣ ਕਰੇ ਤੇ ਇਹ ਮੰਨਿਆ-ਪ੍ਰਮੰਨਿਆ ਸਿਧਾਂਤ ਹੈ ਕਿ ਜਿਹੋ ਜਿਹੀ ਸੰਗਤ ਹੋਵੇਗੀ, ਇਨਸਾਨ ਅੰਦਰ ਉਹੋ ਜਿਹੇ ਗੁਣ ਪੈਦਾ ਹੋਣਗੇ। ਹਜ਼ੂਰ ਇਸ ਸੰਬੰਧ ਵਿੱਚ ਉੱਤਮ ਸੰਗਤ ਕਰਨ ਦੀ ਪ੍ਰੇਰਨਾ ਦੇਂਦੇ ਹਨ:

- ਊਤਮ ਸੰਗਤਿ ਊਤਮੁ ਹੋਵੈ॥ ਗੁਣ ਕਉ ਧਾਵੈ ਅਵਗਣ ਧੋਵੈ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ॥ (੪੧੪)

ਪਰ 'ਸੰਗਤ' ਕਿਹਾ ਕਿਸ ਨੂੰ ਜਾਂਦਾ ਹੈ? ਕੀ ਕੇਵਲ ਇਨਸਾਨਾਂ ਦੇ ਇਕੱਠ ਨੂੰ ਹੀ 'ਸੰਗਤ' ਕਿਹਾ ਜਾਂਦਾ ਹੈ? ਨਹੀਂ! ਗੁਰਦੇਵ 'ਸੰਗਤ' ਦੀ ਕੁਝ ਖ਼ਾਸ ਨਿਸ਼ਾਨੀ ਦੱਸਦੇ ਹਨ:

- ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ (੭੨)

ਚੰਗੀ ਸੰਗਤ ਦਾ ਲਾਭ ਕੀ ਹੈ? ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ:

- ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥ (੧੪੬)

ਗੁਰੂ ਅਮਰਦਾਸ ਜੀ ਰੱਬ ਨਾਲ ਲਿਵ ਲਾਉਣ ਵਾਸਤੇ ਸੱਚੀ ਸੰਗਤ ਦਾ ਹੋਣਾ ਜ਼ਰੂਰੀ ਦੱਸਦੇ ਹਨ:

- ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ॥ (੬੯)

ਪਰ ਸੱਚੀ ਸੰਗਤ ਮਿਲਦੀ ਕਰਮਾਂ ਨਾਲ ਹੈ।

- ਕਰਮੁ ਹੋਵੈ ਸਤਸੰਗਿ ਮਿਲਾਏ॥ ਹਰਿ ਗੁਣ ਗਾਵੈ ਬੈਸਿ ਸੁ ਥਾਏ॥ (੧੫੮)

ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ ਕਿ ਸਾਧ ਸੰਗਤ ਵਿੱਚ ਈਸ਼ਵਰ ਆਪ ਵੱਸਦਾ ਹੈ।

- ਕਿਰਤ ਸੰਜੋਗੀ ਪਾਇਆ ਭਾਲਿ॥ ਸਾਧਸੰਗਤਿ ਮਹਿ ਬਸੇ ਗੁਪਾਲ॥ (੧੩੩੮)

ਇਹੋ ਜਿਹੀ ਸੰਗਤ ਤੋਂ ਗੁਰਦੇਵ ਕੁਰਬਾਨ ਜਾਂਦੇ ਹਨ।

- ਸਾਧਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ॥ (੬੦੮)

- ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਨੁ॥ ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਨੁ॥ ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਨੁ॥ (੪੩)

ਸਾਧ ਸੰਗਤ ਦਾ ਲਾਭ ਕੀ ਹੈ?

- ਸਾਧਸੰਗਿ ਮਿਟਿ ਜਾਤ ਬਿਕਾਰ॥ ਸਭ ਤੇ ਊਚ ਏਹੋ ਉਪਕਾਰ॥ (੧੯੮)

ਜਿੱਥੇ ਸਤਸੰਗ ਹੋਵੇ, ਉਹ ਅਸਥਾਨ ਪਵਿੱਤ੍ਰ ਹੋ ਜਾਂਦਾ ਹੈ।

- ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ॥ (੪੪)

– ਸਗਲ ਸੂਖ ਜਪਿ ਏਕੈ ਨਾਮ॥ ਸਗਲ ਧਰਮ ਹਰਿ ਕੇ ਗੁਣ ਗਾਮ॥
ਮਹਾ ਪਵਿਤ੍ਰ ਸਾਧ ਕਾ ਸੰਗੁ॥ ਜਿਸੁ ਭੇਟਤ ਲਾਗੈ ਪ੍ਰਭ ਰੰਗੁ॥ (੩੯੨)

ਸਾਧ ਸੰਗਤ ਨੂੰ ਗੁਰਦੇਵ ਸੁਰਗ ਨਾਲ ਤੁਲਨਾ ਦੇਂਦੇ ਹਨ:

– ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ॥ (੬੮੨)

ਬੈਕੁੰਠ (ਸੁਰਗ) ਕੀ ਹੈ? ਗੁਰਦੇਵ ਉੱਤਰ ਦੇਂਦੇ ਹਨ:

– ਬੈਕੁੰਠ ਨਗਰੁ ਜਹਾ ਸੰਤ ਵਾਸਾ॥ (੭੪੨)

– ਅਠਸਠਿ ਤੀਰਥ ਜਹ ਸਾਧ ਪਗ ਧਰਹਿ॥ ਤਹ ਬੈਕੁੰਠੁ ਜਹ ਨਾਮੁ ਉਚਰਹਿ॥ (੮੯੦)

– ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ॥
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥ (੭੪੯)

ਕਬੀਰ ਜੀ ਤਾਂ ਸਾਧ ਸੰਗਤ ਤੋਂ ਬਿਨਾਂ ਹੋਰ ਕੋਈ ਬੈਕੁੰਠ ਮੰਨਦੇ ਹੀ ਨਹੀਂ। ਉਨ੍ਹਾਂ ਦੇ ਨਿਸ਼ਚੇ ਅਨੁਸਾਰ ਕੇਵਲ ਸਾਧ ਸੰਗਤ ਹੀ ਬੈਕੁੰਠ (ਸੁਰਗ) ਹੈ, ਹੋਰ ਕੋਈ ਨਹੀਂ।

– ਨਾ ਜਾਨਾ ਬੈਕੁੰਠ ਕਹਾ ਹੀ॥ ਜਾਨੁ ਜਾਨੁ ਸਭਿ ਕਹਹਿ ਤਹਾ ਹੀ॥ਰਹਾਉ॥
ਕਹਨ ਕਹਾਵਨ ਨਹ ਪਤੀਅਈ ਹੈ॥ ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ॥
ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ॥
ਕਹੁ ਕਬੀਰ ਇਹ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥ (੩੨੫)

ਇੱਕ ਥਾਂ ਆਪ ਹੋਰ ਇਹੋ ਵਿਚਾਰ ਦੇਂਦੇ ਹਨ:

– ਸਭੁ ਕੋਈ ਚਲਨ ਕਹਤ ਹੈ ਊਹਾਂ॥ ਨਾ ਜਾਨਉ ਬੈਕੁੰਠੁ ਹੈ ਕਹਾਂ॥ਰਹਾਉ॥
ਆਪ ਆਪ ਕਾ ਮਰਮੁ ਨ ਜਾਨਾਂ॥ ਬਾਤਨ ਹੀ ਬੈਕੁੰਠੁ ਬਖਾਨਾਂ॥
ਜਬ ਲਗੁ ਮਨ ਬੈਕੁੰਠ ਕੀ ਆਸ॥ ਤਬ ਲਗੁ ਨਾਹੀ ਚਰਨ ਨਿਵਾਸ॥
ਖਾਈ ਕੋਟੁ ਨ ਪਰਲ ਪਗਾਰਾ॥ ਨਾ ਜਾਨਉ ਬੈਕੁੰਠ ਦੁਆਰਾ॥
ਕਹਿ ਕਮੀਰ ਅਬ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥ (੧੧੬੧)

ਸੰਗਤ ਦਾ ਫ਼ਰਕ ਦੱਸਦੇ ਹੋਏ ਕਬੀਰ ਜੀ ਇੱਕ ਸੁਝਾਅ ਵੀ ਦੇਂਦੇ ਹਨ। ਭਲੇ ਪੁਰਸ਼ਾਂ ਦੀ ਸੰਗਤ ਵਿੱਚ ਜ਼ਰੂਰ ਵਿਚਾਰ ਕਰਨੀ ਚਾਹੀਦੀ ਹੈ, ਪਰ ਬੁਰੇ ਲੋਕਾਂ ਦੀ ਸੰਗਤ ਵਿੱਚ ਚੁੱਪ ਹੀ ਭਲੀ ਹੈ।

– ਸੰਤੁ ਮਿਲੈ ਕਿਛੁ ਸੁਨੀਐ ਕਹੀਐ॥ ਮਿਲੈ ਅਸੰਤੁ ਮਸਟਿ ਕਰਿ ਰਹੀਐ॥ (੮੭੦)